# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ

DEOSE.BATHINDA@PUNJABEDUCATION.GOV.IN

ਵੱਲ,

**ਸਬੰਧਤ ਸਕੂਲ ਮੁੱਖੀ,**

**ਜਿਲ੍ਹਾ ਬਠਿੰਡਾ ।**

ਪੱਤਰ ਨੰ: ਅ-1/1( )/2025/786 ਮਿਤੀ ਬਠਿੰਡਾ- 22.08.2025

**ਵਿਸ਼ਾ: ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਦੀਆਂ ਪਦ-ਉਨਤੀਆਂ ਸਬੰਧੀ।**

1. ਉਪਰੋਕਤ ਵਿਸ਼ੇ ਸਬੰਧੀ ਮੁੱਖ ਦਫਤਰ ਵੱਲੋਂ ਓ.ਸੀ.ਟੀ. ਕਾਡਰ (ਪੀ.ਟੀ.ਆਈ., ਆਰਟ / ਕਰਾਫਟ ਟੀਚਰ ਆਦਿ) ਦੀ ਸਾਂਝੀ ਇੰਟਰਸੇ ਸੀਨੀਆਰਤਾ ਤਿਆਰ ਕੀਤੀ ਗਈ ਸੀ। ਜਾਰੀ ਕੀਤੇ ਗਏ ਨੋਟਿਸ ਨਾਲ ਵਿਸ਼ਾਵਾਰ ਇੰਟਰਸੇ ਸੀਨੀਆਰਤਾ ਨਾਲ ਭੇਜੀਆ ਗਈਆਂ ਸਨ । ਨੱਥੀ ਲਿਸਟ ਵਿੱਚ ਦਰਜ਼ ਕਰਮਚਾਰੀ ਆਪਣਾ **ਪ੍ਰਮੋਸ਼ਨ ਕੇਸ** ਨਾਲ ਨੱਥੀ, ਪ੍ਰੋਫਾਰਮੇ ਵਿੱਚ ਤਿਆਰ ਕਰਕੇ ਸੂਚਨਾ 28 ਕਾਲਮਾ ਪ੍ਰੋਫਾਰਮਾ ਅੰਗਰੇਜੀ ਭਾਸ਼ਾ ਦੇ Times New Roman ਫਾਂਟ, Size 11, ਵਿੱਚ ਤਿਆਰ ਕਰਕੇ ਐਕਸਲ ਫਾਈਲ ਵਿੱਚ ਈ-ਮੇਲ ਆਈ.ਡੀ davinderdeosebti@gmail.com ਤੇ ਭੇਜਣ ਲਈ ਲਿਖਿਆ ਗਿਆ ਸੀ । ਨੱਥੀ ਐਕਸਲ ਵਿੱਚ ਕਰਮਚਾਰੀਆਂ ਦੇ ਪ੍ਰਮੋਸ਼ਨ ਕੇਸਾ ਦੀ ਸੂਚਨਾ ਕੰਪਾਇਲ ਕੀਤੀ ਗਈ ਹੈ । ਇਹਨਾਂ ਨੂੰ ਚੈਕ ਕਰ ਲਿਆ ਜਾਵੇ । ਜਿਨ੍ਹਾਂ ਸਕੂਲਾਂ ਵੱਲੋਂ ਅਜੇ ਤੱਕ ਸੂਚਨਾ ਨਹੀ ਭੇਜੀ ਜਾਂ ਪੀ.ਡੀ.ਐਫ ਫਾਈਲ ਵਿੱਚ ਭੇਜੀ ਹੈ, ਉਹ ਸੂਚਨਾ ਕੱਲ ਮਿਤੀ 23.08.2025 ਸਮਾਂ 12 ਵਜੇ ਤੱਕ ਉਕਤ ਈ-ਮੇਲ ਤੇ ਭੇਜਣ ।

2. ਮੁੱਖ ਦਫਤਰ ਵੱਲੋਂ ਅੱਜ ਮਿਤੀ 22.08.2025 ਨੂੰ ਹੋਈ ਵੀ.ਸੀ. ਵਿੱਚ ਹੋਏ ਫੈਸਲੇ ਮੁਤਾਬਿਕ ਜਿਹੜੇ ਕਰਮਚਾਰੀ ਆਪਣੇ ਕੇਸ ਭੇਜਣ ਤੋਂ ਰਹਿ ਗਏ ਸਨ, ਉਹਨਾਂ ਨੂੰ ਮਿਤੀ 23.08.2025 ਤੱਕ ਦਾ ਆਖਰੀ ਮੌਕਾ ਦਿੱਤਾ ਗਿਆ ਹੈ। ਇਸ ਤੋਂ ਬਾਅਦ ਕੋਈ ਇਤਰਾਜ ਜਾ ਨਵਾ ਕੇਸ ਸਵਿਕਾਰ ਨਹੀ ਕੀਤਾ ਜਾਵੇਗਾ । ਪਹਿਲਾ ਡਾਟਾ **ਇੰਟਰਸੇ ਸੀਨੀਆਰਤਾ ਸੂਚੀ ਵਿੱਚ ਨਵਾਂ ਨਾਮ ਦਰਜ ਕਰਵਾਉਣ ਲਈ** ਮਿਤੀ 02.06.2025 ਨੂੰ ਵਿਭਾਗੀ ਦੀ ਵੈਬਸਾਈਟ ਤੇ ਜਾਰੀ ਪੱਤਰ ਨਾਲ ਨੱਥੀ ਪ੍ਰਫੋਰਮਾਂ " ੲ " ਵਿੱਚ ਭਰ ਕੇ ਭੇਜਣ ਲਈ ਲਿਖਿਆ ਗਿਆ ਸੀ। ਹੁਣ ਇਸ ਦਫਤਰ ਵੱਲੋਂ ਆਪ ਨੂੰ ਲਿਖਿਆ ਜਾਂਦਾ ਹੈ ਕਿ ਪ੍ਰਫੋਰਮਾਂ " ੲ " ਵਿੱਚ ਸੂਚਨਾ ਅਲੱਗ ਤੋਂ ਐਕਸਲ ਫਾਈਲ (ਰਾਵੀ ਫੋਂਟ ਵਿੱਚ) ਇਸ ਦਫਤਰ ਦੀ ਈ-ਮੇਲ ਆਈ.ਡੀ davinderdeosebti@gmail.com ਤੇ ਭੇਜਿਆ ਜਾਵੇ ਅਤੇ ਹਾਰਡ ਕਾਪੀ (ਮੁਕੰਮਲ ਫਾਈਲ, ਸਮੇਤ ਦਸਤਾਵੇਜ) ਇਸ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ, ਤਾਂ ਜੋ ਉਹਨਾ ਦਾ ਨਾਮ ਫਾਈਨਲ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਦਰਜ ਕੀਤਾ ਜਾ ਸਕੇ।

3. ਇਸ ਤੋਂ ਇਲਾਵਾ ਜਿਨ੍ਹਾ ਕਰਮਚਾਰੀਆਂ ਦੀ ਨਾਮ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਦਰਜ ਨਹੀ ਹੈ ਉਹ ਵੀ ਆਪਣਾ ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ ਦੀ ਪਦ-ਉਨਤੀ ਦਾ ਕੇਸ 28 ਕਾਲਮਾ ਪ੍ਰੋਫਾਰਮਾ ਅੰਗਰਜੀ ਭਾਸ਼ਾ ਦੇ Times New Roman ਫਾਂਟ, Size 11, ਵਿੱਚ ਤਿਆਰ ਕਰਕੇ ਐਕਸਲ ਫਾਈਲ ਵਿੱਚ ਈ-ਮੇਲ ਆਈ.ਡੀ davinderdeosebti@gmail.com ਤੇ ਭੇਜਣ ।

ਨੋਟ :- ੳ) ਲੜੀ ਨੰ 3 ਅਨੁਸਾਰ ਜਿਨ੍ਹਾ ਦਾ ਨਾਮ ਇੰਟਰਸੇ ਸੀਨੀਆਰਤਾ ਸੂਚੀ ਵਿੱਚ ਦਰਜ ਨਹੀ ਹੈ ਦੋ ਅਲੱਗ-2 ਫਾਈਲਾਂ ਦਫਤਰ ਵਿੱਚ ਜਮ੍ਹਾਂ ਕਰਾਈਆਂ ਜਾਣ ।(ਮੁਕੰਮਲ ਫਾਈਲ, ਸਮੇਤ ਦਸਤਾਵੇਜ)

ਅ) ਸਮੂਹ ਡੀ.ਡੀ.ਓ ਵੱਲੋਂ ਨਾਲ ਨੱਥੀ ਅਨੁਸਾਰ ਸਰਟੀਫਿਕੇਟ ਮੋਹਰ ਸਮੇਤ ਹਸਤਾਖਰ ਇਸ ਦਫਤਰ ਵਿਖੇ ਜਮ੍ਹਾਂ ਕਰਵਾਉਣਾ ਲਾਜਮੀ ਹੋਵੇਗਾ।

ਸਹੀ/-

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)

ਬਠਿੰਡਾ

<u>ਸਰਟੀਫਿਕੇਟ</u>

ਤਸਦੀਕ ਕੀਤਾ ਜਾਂਦਾ ਹੈ ਕਿ **ਓ.ਸੀ.ਟੀ. ਕਾਡਰ ਤੋਂ ਮਾਸਟਰ ਕਾਡਰ** ਦੀਆਂ ਪਦ—ਉੱਨਤੀਆਂ ਸਬੰਧੀ ਪ੍ਰਾਪਤ ਕੇਸਾਂ ਦੀ ਭਰਤੀ ਦਾ ਬੈਚ, ਮੈਰਿਟ ਅੰਕ ਅਤੇ ਇਸ਼ਤਿਹਾਰ ਦੀ ਮਿਤੀ (ਵਿਸੇਸ ਤੌਰ ਤੇ ਜ਼ਿਲ੍ਹਾ ਪਰਿਸ਼ਦ ਅਧਿਆਪਕਾਂ ਦੇ ਕੇਸ ਵਿੱਚ) ਸਬੰਧਤ ਦਸਤਾਵੇਜੀ ਸਬੂਤਾਂ ਦੇ ਆਧਾਰ ਤੇ ਚੈੱਕ ਕਰ ਲਏ ਹਨ। ਇੰਟਰਸੇ ਸੀਨੀਆਰਤਾ ਵਿੱਚ ਦਰਜ ਕਰਮਚਾਰੀ ਜੋ ਮਿਤੀ 02.06.2025 ਤੱਕ ਮਾਸਟਰ ਕਾਡਰ ਦੀ ਪਦ—ਉੱਨਤੀ ਦੀ ਯੋਗਤਾ ਰੱਖਦੇ ਹਨ, ਕਰਮਚਾਰੀਆਂ ਦੇ ਦਸਤਾਵੇਜ਼ ਵੀ ਵੈਰੀਫਾਈ ਕਰ ਲਏ ਗਏ ਹਨ। ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਕਿ), ਬਠਿੰਡਾ ਪਾਸ ਜਮ੍ਹਾਂ ਕਰਵਾਇਆ ਡਾਟਾ ਪੂਰੀ ਤਰ੍ਹਾਂ ਸਹੀ ਅਤੇ ਪ੍ਰਮਾਣਿਤ ਹੈ ਅਤੇ ਇਸ ਤੋਂ ਇਲਾਵਾ ਤਰੱਕੀ ਲਈ ਕੋਈ ਹੋਰ ਕੇਸ ਜਮ੍ਹਾਂ ਕਰਨਾ ਬਾਕੀ ਨਹੀਂ ਹੈ।